18 ਮਈ 2001

# ਸੰਵੇਦਨਾ ਦਾ ਸਫਰ ਜਾਰੀ

## ਕਲਾ ਤੇ ਜ਼ਿੰਦਗੀ



**ਗੁਰਸ਼ਰਨ ਸਿੰਘ**

ਪੰਜਾਬ ਦੀ ਧਰਤੀ 'ਤੇ ਸਿਰਜਨਾਤਮਕ ਸੰਵੇਦਨਾ ਦਾ ਸਫਰ ਜਾਰੀ ਹੈ, ਭਾਵੇਂ ਇਹ ਦੁੱਖ-ਦਾਇਕ ਸਚਾਈ ਵੀ ਹੈ ਕਿ ਸਾਡੇ ਬਹੁਤੇ ਲੋਕ ਇਸ ਤੋਂ ਬੇਖਬਰ ਹਨ ਜਾਂ ਇਸ ਦੇ ਪ੍ਰਭਾਵ ਤੋਂ ਬਾਹਰ ਹਨ। ਸਾਹਿਤ ਦੇ ਖੇਤਰ ਵਿਚ ਕਵਿਤਾ ਲੰਮੀਆਂ ਪੁਲਾਘਾਂ ਪੁੱਟ ਰਹੀ ਹੈ। ਪ੍ਰਤਿਭਾਸ਼ਾਲੀ ਨੌਜਵਾਨ ਆਪਣੀਆਂ-ਆਪਣੀਆਂ ਰਚਨਾਵਾਂ ਲੈ ਕੇ ਹਾਜ਼ਰ ਹਨ। ਜ਼ਿੰਦਗੀ ਦੀਆਂ ਸਚਾਈਆਂ ਨੂੰ ਖੂਬਸੂਰਤ ਕਾਵਿਕ ਬਿਆਨਾਂ ਰਾਹੀਂ ਰੂਪਮਾਨ ਕਰਦੇ ਹਨ। ਤੁਹਾਡੀ ਰੂਹ ਨੂੰ ਸਰਸ਼ਾਰ ਕਰਦੇ ਹਨ। ਕਲਾ ਦੇ ਜ਼ਿੰਦਗੀ ਦਾ ਇਕ ਰਿਸ਼ਤਾ ਹੈ। ਇਹ ਰਿਸ਼ਤਾ ਕਵਿਤਾ ਦੀ ਵਿਧਾ ਰਾਹੀਂ ਸਭ ਤੋਂ ਵੱਧ ਸ਼ਕਤੀਸ਼ਾਲੀ ਤਰੀਕੇ ਨਾਲ ਰੂਪਮਾਨ ਹੁੰਦਾ ਹੈ ਜਦੋਂ ਕਵਿਤਾ ਦੀਆਂ ਦੋ ਸਤਰਾਂ ਹੀ ਜ਼ਿੰਦਗੀਆਂ ਦੀਆਂ ਵੱਡੀਆਂ ਸਚਾਈਆਂ ਦੱਸ ਜਾਂਦੀਆਂ ਹਨ। ਅੱਜ ਕੁਝ ਕਾਵਿਕ ਟੂਕਾਂ ਰਾਹੀਂ ਇਨ੍ਹਾਂ ਸਚਾਈਆਂ ਦੀ ਗੱਲ ਕੀਤੀ ਜਾ ਰਹੀ ਹੈ।

ਸਮਾਜ 'ਚ ਫੈਲੇ ਗੈਰ-ਮਨੁੱਖੀ ਵਰਤਾਰੇ ਨੂੰ ਬਿਆਨ ਕਰਦਾ ਕਵੀ ਬਗਾਵਤ ਦਾ ਸੰਕੇਤ ਕਰਦਾ ਹੈ:

ਰੁੱਖਾਂ ਨੂੰ ਜਦੋਂ ਤੁਸੀਂ ਪੱਛ ਲਾਉਂਦੇ ਹੋ
ਤਾਂ ਉਹ ਵੈਣ ਨਹੀਂ ਪਾਉਂਦੇ
ਪਰ ਦੋਸਤੋ
ਉਨ੍ਹਾਂ ਦੇ ਧੁਰ ਅੰਦਰ
ਲਹੂ ਸਿੰਮਦਾ ਹੈ
ਬਲਦਾ ਹੈ
ਸੁੱਕਦਾ ਹੈ
ਲੋਕ ਆਖਦੇ ਨੇ
ਰੁੱਖਾਂ ਨੂੰ ਜੇ ਲਗਾਤਾਰ ਪੱਛਿਆ ਜਾਵੇ
ਤਾਂ ਆਉਂਦੇ ਵਰ੍ਹਿਆਂ 'ਚ
ਉਨ੍ਹਾਂ ਤੋਂ ਛਾਂ ਦੀ ਆਸ
ਨਹੀਂ ਕੀਤੀ ਜਾ ਸਕਦੀ
ਉਹ ਹੌਲੀ ਹੌਲੀ ਸੁੱਕਣ ਲਗਦੇ ਨੇ
ਤੇ ਬਾਲਣ ਬਣਦੇ ਜਾਂਦੇ ਨੇ
ਉਂਜ ਹਰੇ ਭਰੇ ਰੁੱਖਾਂ ਅੰਦਰ ਵੀ
ਅੱਗ ਹੁੰਦੀ ਹੈ।
ਪਰ ਰੁੱਖ ਜਦੋਂ ਸੁੱਕਣ ਲਗਦਾ ਹੈ
ਅੱਗ ਬਾਹਰ ਵਲ ਨੂੰ ਭੱਜਦੀ ਹੈ।

ਸਰਬਜੀਤ ਬੇਦੀ 'ਪਛ' (ਬਾਹਰ ਦਾ ਬੰਦਾ) ਵਿਚ

ਇਕ ਹੋਰ ਸਚਾਈ ਰਾਮ ਸਿੰਘ ਚਾਹਲ ਦੀ ਕਵਿਤਾ 'ਕੇਹੀ ਚੁੱਪ, ਕੇਹਾ ਗੀਤ' ਵਿਚ ਹਾਜ਼ਰ ਹੈ:

ਬਿਰਖ ਚੁੱਪ ਰਹਿਣ ਦੇ ਆਦੀ ਹਨ
ਬਿਰਖ
ਗੀਤ ਸੁਣਨ ਦੇ ਆਦੀ ਹਨ
ਬਿਰਖ ਕੇਵਲ
ਇਸ ਲਈ ਹੀ ਹਰੇ ਭਰੇ ਨੇ
ਕਿ
ਪੰਛੀਆਂ ਨੇ ਹਾਲੀ ਗਾਉਣਾ ਨਹੀਂ ਛੱਡਿਆ
ਜੋ ਗੀਤ ਸੁਣਨ ਦੇ ਆਦੀ ਹਨ
ਉਹ ਚੁੱਪ ਦਾ ਆਦਰ ਕਰਨਾ ਜਾਣਦੇ
ਉਹ ਗੀਤ ਸੁਣਨ ਜਾਣਦੇ
ਉਹ ਗੀਤ ਗਾਉਣ ਵੀ ਜਾਣਦੇ
ਸ਼ਾਇਦ ਇਸੇ ਲਈ
ਚੰਗੇ ਗੀਤ
ਪੰਛੀ ਬਿਰਖਾਂ 'ਤੇ ਹੀ ਗਾਉਂਦੇ ਹਨ।

ਰਾਮ ਸਿੰਘ ਚਾਹਲ 'ਭੋਇੰ' 'ਚੋਂ

ਰਾਜਿੰਦਰ ਸੋਢੀ ਦੀ ਇਕ ਕਾਵਿਕ ਸਤਰ ਸੰਘਰਸ਼ ਦੀ ਦਿਸ਼ਾ ਵਲ ਸੰਕੇਤ ਕਰਦੀ ਹੈ:

ਬੇਚਿਰਾਗਾਂ ਘਰਾਂ ਨੂੰ ਕਰ ਰੌਸ਼ਨ
ਜ਼ਾਇਆ ਖੰਡਰ 'ਚ ਰੌਸ਼ਨੀ ਨਾ ਕਰ।

ਸਾਡੇ ਹਮੇਸ਼ਾ ਲਈ ਵਿਛੜ ਗਏ ਕਵੀ ਮਨਜੀਤ ਕਾਦਰ ਦੀ ਇਕ ਨਿੱਕੀ ਜਿਹੀ ਕਵਿਤਾ 'ਜ਼ਿੰਦਗੀ ਮਾਂ ਦਾ ਤਰਲਾ' ਰਾਜਿੰਦਰ ਸੋਢੀ ਦੇ ਉਪਰਲੇ ਜਜ਼ਬੇ ਨੂੰ ਇਕ ਹੋਰ ਖੂਬਸੂਰਤ ਤਰੀਕੇ ਨਾਲ ਬਿਆਨ ਕਰਦੀ ਹੈ:

ਮੇਰੇ ਲੜਾਕੇ ਪੁੱਤਰੋ !
ਗੁਫਾਵਾਂ 'ਚੋਂ ਬਾਹਰ ਆ ਜਾਓ !!
ਕਿਤੇ ਅਜਿਹਾ ਨਾ ਹੋਵੇ
ਕਿ ਹਨੇਰੇ 'ਚ ਤੀਰਅੰਦਾਜ਼ੀ ਕਰਦਿਆਂ
ਤੁਹਾਡੇ ਭੱਥੇ ਹੀ ਖਾਲੀ ਹੋ ਜਾਣ !

ਮਨਜੀਤ ਕਾਦਰ 'ਜਾਗਦੇ ਸ਼ਬਦ'

ਸੁਰਜੀਤ ਪਾਤਰ ਨੇ ਸਾਨੂੰ ਸ਼ਾਹਕਾਰ ਕਵਿਤਾਵਾਂ ਦਿੱਤੀਆਂ ਪਰ ਉਹਦੀਆਂ ਦੋ ਸਤਰਾਂ ਹਮੇਸ਼ਾ ਯਾਦ ਰਹਿੰਦੀਆਂ ਹਨ:

ਬਹੁਤ ਵਾਰ ਮੇਰੀ ਐਨਕ ਰੋਈ
ਕਿੰਨੀ ਵਾਰ ਅੱਖਾਂ
ਤੀਜਾ ਨੇਤਰ ਕਦੀ ਨਾ ਰੋਇਆ
ਹੋਏ ਹਾਦਸੇ ਲੱਖਾਂ

ਅਸੀਂ ਜਜ਼ਬਿਆਂ ਪੱਖੋਂ ਅਮੀਰ ਅਮੀਰ ਹੋਇਆ ਮਹਿਸੂਸ ਕਰਦੇ ਹਾਂ। ਦਰਸ਼ਨ ਬੁੱਟਰ ਦੀ ਇਕ ਛੋਟੀ ਜਿਹੀ ਕਵਿਤਾ ਜਜ਼ਬਿਆਂ ਦੇ ਸੰਦਰਭ ਵਿਚ ਸਾਨੂੰ ਟੁੰਬਦੀ ਹੈ। ਕਵਿਤਾ ਹੈ 'ਕਿਸਮਾਂ':

ਦੋ ਹੀ ਤਰ੍ਹਾਂ ਦੇ ਹੁੰਦੇ ਨੇ ਘਰ...
ਇਕਨਾ ਨੂੰ ਸੂਕਦੇ ਤੂਫਾਨ
ਕੁਝ ਨਹੀਂ ਆਖਦੇ
ਇਕਨਾ ਨੂੰ ਲਹਿਰਾ ਹੀ
ਢੇਰੀ ਕਰ ਜਾਂਦੀਆਂ ਨੇ
ਦੋ ਹੀ ਤਰ੍ਹਾਂ ਦੇ ਹੁੰਦੇ ਨੇ ਮਨੁੱਖ...
ਇਕ ਗਮ ਨੂੰ ਹੱਸਣਾ ਸਿਖਾਉਂਦੇ ਨੇ
ਇਕ ਮੁਸਕਰਾਹਟ ਨੂੰ
ਦਰਦ ਦੇ ਘਰ ਤਕ ਲੈ ਜਾਂਦੇ ਨੇ
ਦੋ ਹੀ ਤਰ੍ਹਾਂ ਦੇ ਹੁੰਦੇ ਨੇ ਰਿਸ਼ਤੇ...
ਇਕਨਾ ਨੂੰ ਇਨਕਾਰੀ ਹੋ ਕੇ ਸਵੀਕਾਰਦੇ ਹਾਂ
ਇਕਨਾਂ ਨੂੰ ਸਵੀਕਾਰਦੇ ਹੋਏ
ਇਨਕਾਰੀ ਹੋ ਜਾਂਦੇ ਹਾਂ।
ਦੋ ਹੀ ਤਰ੍ਹਾਂ ਦੇ ਹੁੰਦੇ ਨੇ ਸ਼ਾਇਰ...
ਇਕ ਕਿਤਾਬਾਂ ਲਈ ਕਵਿਤਾ ਲਿਖਦੇ ਨੇ,
ਇਕ ਕਵਿਤਾ ਲਈ ਕਿਤਾਬਾਂ ਲਿਖਦੇ ਨੇ।

ਸੰਵੇਦਨਾ ਦੇ ਸਫਰ ਵਿਚ ਜਸਵੰਤ ਜ਼ਫਰ ਦੀ ਕਵਿਤਾ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਮੀਲ ਪੱਥਰ ਬਣ ਕੇ ਸਾਡੇ ਸਾਹਮਣੇ ਆਈ ਹੈ:

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ
ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਾਕਾਰ ਨਹੀਂ ਸਕਦੇ
ਨਾਨਕ ਨਾਮ 'ਤੇ ਵਿਦਿਆਲੇ ਉਸਾਰ ਸਕਦੇ ਹਾਂ

ਗੁਰੂ ਨਾਨਕ ਵਿਦਿਆਲਾ
ਗੁਰੂ ਨਾਨਕ ਮਹਾਂਵਿਦਿਆਲਾ
ਗੁਰੂ ਨਾਨਕ ਵਿਸ਼ਵਵਿਦਿਆਲਾ

ਵਿਦਿਆਲੇ ਦੇ ਸੋਧੇ ਪ੍ਰਬੋਧੇ ਅਸੀਂ
ਗਿਆਨੀ
ਵਿਦਿਆ ਦਾਨੀ
ਘਰਾਂ ਦੇ ਕੈਦੀ
ਪਤਵੰਤੇ ਸੱਜਣ
ਨਾਨਕ ਦੇ ਕੀ ਲਗਦੇ ਹਾਂ।

ਇਸੇ ਕਾਵਿ ਸੰਗ੍ਰਹਿ ਦੀ ਇਕ ਹੋਰ ਕਵਿਤਾ 'ਗੁਰਮੁਖ ਸਿੰਘ' ਇਕ ਐਸਾ ਸ਼ਕਤੀਸ਼ਾਲੀ ਵਿਅੰਗ ਹੈ, ਜੋ ਇਹ ਦੱਸਦਾ ਹੈ ਕਿ ਅਸੀਂ ਨਾਨਕ ਦੇ ਕੁਝ ਨਹੀਂ ਲਗਦੇ, ਸਗੋਂ ਉਹ ਹੀ ਲਗਦੇ ਹਨ ਜਿਨ੍ਹਾਂ ਕੋਲ ਧਨ ਹੈ, ਕੋਠੀਆਂ ਹਨ, ਮਿਲਾਂ ਹਨ ਅਤੇ ਉਹ ਆਪਣੇ ਸਾਰੇ ਅਦਾਰਿਆਂ ਦੇ ਨਾਂ ਨਾਨਕ ਦੇ ਨਾਂ ਥੱਲੇ ਚਲਾ ਸਕਦੇ ਹਨ।

ਅਮਰਜੀਤ ਕਸਕ ਦੇ ਕਾਵਿ ਸੰਗ੍ਰਿਹ 'ਆਪਣੀ ਆਪਣੀ ਲੋਅ' ਦੀਆਂ ਕੁਝ ਕਵਿਤਾਵਾਂ ਤੁਹਾਨੂੰ ਅੰਦਰ ਤਕ ਧੂਹ ਪਾਉਂਦੀਆਂ ਹਨ:

ਪਹੁੰਚ ਗਿਆ ਬੰਦਾ
ਜ਼ਮੀਂ ਤੋਂ ਚੰਨ ਤਕ
ਸਿਤਾਰਿਆਂ ਤਕ
ਪਰ ਜਾ ਨਾ ਸਕਿਆ
ਛਾਤੀ ਆਪਣੀ ਤਕ
ਤੇ ਪੈਰਾਂ ਤੋਂ ਜਣਨ ਇੰਦ੍ਰੀ ਤਕ
ਨਾ ਹੀ ਕਰਾ ਸਕਿਆ ਮੁਕਤ
ਪੇਟ ਦੇ ਤੂਫਾਨ 'ਚ ਫਸੀ ਬੇੜੀ
ਫਾਸਲੇ ਵਧਦੇ ਗਏ
ਦੂਰ ਹੁੰਦਾ ਗਿਆ ਆਪੇ ਤੋਂ
ਹੈਸੀਅਤ ਬੱਸ ਏਨੀ
ਪਤਾ ਹੈ
ਕਿ ਰਾਤ ਹੈ
ਤੇ ਉਹ ਤਾਰੇ ਗਿਣਦਾ ਹੈ
ਜੋ ਗਿਣੇ ਨਹੀਂ ਜਾਂਦੇ
ਉਮਰ ਤੇ ਵਰ੍ਹਿਆਂ ਨੂੰ ਪੋਟਿਆਂ ਤੇ
ਜਮ੍ਹਾਂ ਮਨਫੀ ਕਰਦਾ
ਜ਼ਰਬਦਾ ਤਕਸੀਮਦਾ
ਤੁਰ ਜਾਂਦਾ
ਪਰ ਜਾ ਨਾ ਪਾਉਂਦਾ
ਆਪਣੇ ਤਕ
ਕਿਉਂਕਿ ਪੈਰਾਂ ਨੇ
ਅੰਦਰ ਮੋੜਾ ਨਹੀਂ ਕੱਟਿਆ...।

ਸੁਰਜੀਤ ਜੱਜ ਆਪਣੇ ਨਵੇਂ ਗ਼ਜ਼ਲ ਸੰਗ੍ਰਹਿ 'ਦਰਦ ਕਹੇ ਦਹਿਲੀਜ਼' ਵਿਚ ਆਪਣੀਆਂ ਸੌ ਦੇ ਕਰੀਬ ਗ਼ਜ਼ਲਾਂ ਨਾਲ ਤੁਹਾਡੇ ਰੂਬਰੂ ਹੈ। ਇਨ੍ਹਾਂ ਗ਼ਜ਼ਲਾਂ ਦੇ ਬਹੁਤ ਸਾਰੇ ਸ਼ਿਅਰ 'ਟੂਕਾਂ' ਬਣਨੇ ਦੀ ਯੋਗਤਾ ਰਖਦੇ ਹਨ:

ਟੀਸ ਦੀ ਹਰ ਬਹਿਰ ਨੂੰ, ਈਜਾਦ ਕਰਨਾ ਹੈ ਅਜੇ।
ਪੀੜ ਨੂੰ ਸ਼ਿਅਰਾਂ 'ਚ ਮੈਂ, ਅਨੁਵਾਦ ਕਰਨਾ ਹੈ ਅਜੇ।
ਜ਼ਿੰਦਗੀ ਦਾ ਗੀਤ ਗਾਉਣਾ, ਕਾਤਲਾਂ ਦੇ ਰੂਬਰੂ
ਇਸ ਤਰ੍ਹਾਂ ਖੁਦ ਨੂੰ ਅਸੀਂ ਆਜ਼ਾਦ ਕਰਨਾ ਹੈ ਅਜੇ।

ਸੰਵੇਦਨਾ ਦੇ ਸਫਰ ਦੀ ਗੱਲ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ 'ਸਾਹਿਬਾਂ' ਦੇ ਜ਼ਿਕਰ ਨਾਲ ਖਤਮ ਕਰਦੇ ਹਾਂ। ਇਕ ਔਰਤ ਸ਼ਾਇਰਾ ਨੇ ਐਲਾਨ ਕੀਤਾ ਹੈ:

ਇਹ ਝੂਠ ਹੈ
ਕਿ ਮੈਨੂੰ
ਭਰਾਵਾਂ ਦਾ ਮੋਹ ਮਾਰ ਗਿਆ
ਮੈਂ ਤਾਂ ਤੋੜ ਕੇ ਆ ਗਈ ਸੀ
ਭਰਾਵਾਂ ਦੇ ਮੋਹ ਦੀ ਸੰਗਲੀ
ਮੈਂ ਤਾਂ ਬਾਬਲ ਦੀ ਪੱਗ ਦਾ ਵੀ
ਖਿਆਲ ਨਾ ਕੀਤਾ
ਭਿੱਜਦੀ ਰਹੀ ਹੋਵੇਗੀ
ਹੰਝੂਆਂ ਦੇ ਮੋਹਲੇਧਾਰ ਮੀਂਹ ਵਿਚ
ਮੇਰੀ ਮਾਂ ਦੀ ਚੁੰਨੀ
ਕਿ ਮੈਨੂੰ ਤਾਂ ਤੇਰੇ ਇਸ਼ਕ ਨੇ ਮਾਰਿਆ...
ਕਿ ਤੇਰੀ ਬੱਕੀ 'ਤੇ ਬੈਠ ਕੇ
ਮੈਂ ਇਕ ਵਾਰ ਵੀ ਪਿੱਛੇ ਨਾ ਤੱਕਿਆ
ਹਾਂ ਮੈਨੂੰ ਤੇਰੇ ਇਸ਼ਕ ਨੇ ਮਾਰਿਆ...
ਉੱਠ, ਜੱਗ ਨੂੰ ਜਵਾਬ ਦੇ
ਮੈਂ ਦਗਾ ਨਹੀਂ ਕਮਾਇਆ।

ਸੰਵੇਦਨਾ ਸਾਡੇ ਕੋਲ ਹਾਜ਼ਰ ਹੈ। ਲੋਕਾਂ ਤਕ ਨਹੀਂ ਪੁੱਜਦੀ। ਇਹ ਸੋਚਣਾ ਬਣਦਾ ਹੈ। ਸੰਵੇਦਨਾ ਸਾਡੇ ਸਮੁੱਚੇ ਸਮਾਜ ਦਾ ਹਿੱਸਾ ਨਹੀਂ ਬਣ ਸਕੀ, ਇਹ ਸਾਡੇ ਲਈ ਚੁਣੌਤੀ ਹੈ। ਇਸ ਚੁਣੌਤੀ ਨੂੰ ਸਵੀਕਾਰ ਕਰਨਾ ਬਣਦਾ ਹੈ। ਸੰਵੇਦਨਾ ਦਾ ਸਫਰ ਜਾਰੀ ਹੈ।